# ਚਾਰਿੰਗ ਕਰੌਸ ਹਾਊਜ਼ਿੰਗ ਐਸੋਸੀਏਸ਼ਨ (Charing Cross Housing Association) ਦਾ ਵੈਸਟ ਆਫ ਸਕਾਟਲੈਂਡ ਹਾਊਜ਼ਿੰਗ ਐਸੋਸੀਏਸ਼ਨ (West of Scotland Housing Association) ਕੋਲ ਤਜਵੀਜ਼ ਕੀਤਾ ਗਿਆ ਤਬਾਦਲਾ
# ਬੈਲਟ ਪੇਪਰ ਗਾਈਡ (Ballot Paper Guide)

ਚਾਰਿੰਗ ਕਰੌਸ ਨੇ ਸਿਵਿਕਾ ਇਲੈਕਸ਼ਨ ਸਰਵਿਸਜ਼ (Civica Election Services) ਨੂੰ ਇਸ ਬੈਲਟ ਦਾ ਸੰਚਾਲਨ ਕਰਨ ਲਈ ਆਖਿਆ ਹੈ। ਵੋਟਾਂ ਪਾਉਣ ਦੀ ਪ੍ਰਕਿਰਿਆ ਦੀ ਸ਼ੁਰੂਆਤ ਸ਼ੁੱਕਰਵਾਰ 6 ਮਈ 2022 ਨੂੰ ਹੋਵੇਗੀ ਅਤੇ ਇਹ ਸੋਮਵਾਰ 6 ਜੂਨ 2022 ਨੂੰ ਸ਼ਾਮ 5 ਵਜੇ ਸਮਾਪਤ ਹੋਵੇਗੀ।

**ਸਵਾਲ**

***ਕੀ ਤੁਸੀਂ ਚਾਰਿੰਗ ਕਰੌਸ ਹਾਊਜ਼ਿੰਗ ਐਸੋਸੀਏਸ਼ਨ ਦੇ ਵੈਸਟ ਆਫ ਸਕਾਟਲੈਂਡ ਹਾਊਜ਼ਿੰਗ ਐਸੋਸੀਏਸ਼ਨ ਕੋਲ ਤਜਵੀਜ਼ ਕੀਤੇ ਤਬਾਦਲੇ ਦੇ ਨਾਲ ਸਹਿਮਤ ਹੋ?***

ਤੁਹਾਡੇ ਕੋਲ ਇਸ ਸਵਾਲ ਦਾ ਹਾਂ (yes) ਜਾਂ ਨਾਂਹ (no) ਵਿੱਚ ਜਵਾਬ ਦੇਣ ਦਾ ਵਿਕਲਪ ਹੈ। ਤੁਸੀਂ ਆਪਣੀ ਵੋਟ ਡਾਕ ਰਾਹੀਂ, ਔਨਲਾਈਨ, ਟੈਲੀਫ਼ੋਨ ਰਾਹੀਂ, ਲਿਖਤੀ ਸੰਦੇਸ਼ ਰਾਹੀਂ ਜਾਂ Charing Cross HA office ਜਾ ਕੇ ਜੋ 31 Ashley Street, Glasgow, G3 6DR ਵਿਖੇ ਸਥਿਤ ਹੈ, ਬੈਲਟ ਬਾਕਸ ਦੇ ਰਾਹੀਂ ਪਾ ਸਕਦੇ ਹੋ। ਕਿਰਪਾ ਕਰਕੇ ਆਪਣੇ ਤਰਜੀਹੀ ਤਰੀਕੇ ਰਾਹੀਂ ਵੋਟ ਪਾਉਣ ਲਈ ਹੇਠਾਂ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ। ਵੋਟ ਪਾਉਣ ਦੀ ਪ੍ਰਕਿਰਿਆ ਸੋਮਵਾਰ 6 ਜੂਨ 2022 ਨੂੰ ਸ਼ਾਮ 5 ਵਜੇ ਸਮਾਪਤ ਹੋ ਜਾਵੇਗੀ।

ਡਾਕ ਰਾਹੀਂ ਵੋਟ ਪਾਓ

**ਨਾਲ ਨੱਥੀ ਬੈਲਟ ਪੇਪਰ ਉੱਤੇ ਆਪਣੇ ਚੁਣੇ ਹੋਏ ਜਵਾਬ YES (ਹਾਂ) ਜਾਂ NO (ਨਹੀਂ) ਦੇ ਸਾਹਮਣੇ 'X' ਦਾ ਨਿਸ਼ਾਨ ਬਣਾਓ।**

ਆਪਣੇ ਭਰੇ ਹੋਏ ਬੈਲਟ ਪੇਪਰ ਨੂੰ ਪਹਿਲਾਂ ਤੋਂ ਡਾਕ-ਖ਼ਰਚ ਅਦਾ ਕੀਤੇ ਲਿਫਾਫੇ ਵਿੱਚ ਪਾਕੇ ਵਾਪਸ ਭੇਜਣਾ ਚਾਹੀਦਾ ਹੈ ਅਤੇ ਇਹ ਸੋਮਵਾਰ 6 ਜੂਨ 2022 ਨੂੰ ਸ਼ਾਮ 5 ਵਜੇ ਤੱਕ ਨਿਰਪੱਖ ਸੰਸਥਾ (CES) ਨੂੰ ਲਾਜ਼ਮੀ ਤੌਰ 'ਤੇ ਮਿਲ ਜਾਣਾ ਚਾਹੀਦਾ ਹੈ।

ਔਨਲਾਈਨ ਵੋਟ ਪਾਓ

**ਆਪਣੇ ਬ੍ਰਾਊਜ਼ਰ ਵਿੱਚ** www.cesvotes.com/charing2022 ਟਾਈਪ ਕਰੋ।

ਪਹਿਲੇ ਬਾਕਸ ਵਿੱਚ ਤੁਹਾਡੇ ਬੈਲਟ ਪੇਪਰ ਉੱਤੇ ਦਿੱਤਾ ਗਿਆ 6-ਅੰਕਾਂ ਦਾ **ਸੁਰੱਖਿਆ ਕੋਡ ਭਾਗ ਇੱਕ** (security code part one) ਦਾਖਲ ਕਰੋ।

ਦੂਜੇ ਬਾਕਸ ਵਿੱਚ ਤੁਹਾਡੇ ਬੈਲਟ ਪੇਪਰ ਉੱਤੇ ਦਿੱਤਾ ਗਿਆ 4-ਅੰਕਾਂ ਦਾ **ਸੁਰੱਖਿਆ ਕੋਡ ਭਾਗ ਦੋ** (security code part two) ਦਾਖਲ ਕਰੋ।

***'ਲੌਗਇਨ'*** (login) ਬਟਨ ਉੱਤੇ ਕਲਿੱਕ ਕਰੋ।

ਅਗਲੀ ਸਕਰੀਨ ਉੱਤੇ ਆਪਣੇ ਚੁਣੇ ਹੋਏ ਜਵਾਬ **YES** (ਹਾਂ) ਜਾਂ **NO** (ਨਹੀਂ) ਦੀ ਨਿਸ਼ਾਨਦੇਹੀ ਕਰੋ। ***'ਅਗਲਾ***

***ਪੰਨਾ'*** (next page) ਬਟਨ ਉੱਤੇ ਕਲਿੱਕ ਕਰੋ।
ਇਹ ਪੰਨਾ ਤੁਹਾਡੇ ਵੱਲੋਂ ਪਾਈ ਗਈ ਵੋਟ ਦੀ ਪੁਸ਼ਟੀ ਕਰਦਾ ਹੈ। ਆਪਣੀ ਵੋਟ ਦੀ ਪੁਸ਼ਟੀ ਕਰਨ ਲਈ ਹੇਠਾਂ ਸੱਜੇ ਪਾਸੇ ਦਿੱਤੇ ***'ਸਪੁਰਦ ਕਰੋ'*** (submit) ਬਟਨ ਉੱਤੇ ਕਲਿੱਕ ਕਰੋ। ਜੇ ਤੁਸੀਂ ਕੋਈ ਗਲਤੀ ਕਰ ਦਿੱਤੀ ਹੈ ਅਤੇ ਤੁਸੀਂ ਆਪਣੀ ਵੋਟ ਬਦਲਣ ਦੀ ਇੱਛਾ ਕਰਦੇ ਹੋ ਤਾਂ ਵੋਟ ਪਾਉਣ ਵਾਲੀ ਸਕਰੀਨ ਉੱਤੇ ਵਾਪਸ ਜਾਣ ਲਈ ਹੇਠਾਂ ਖੱਬੇ ਪਾਸੇ ਦਿੱਤੇ ***'ਪਿਛਲਾ ਪੰਨਾ'*** (previous page) ਬਟਨ ਉੱਤੇ ਕਲਿੱਕ ਕਰੋ।
ਇੱਕ ਵਾਰ ਜਦ ਤੁਸੀਂ ***'ਸਪੁਰਦ ਕਰੋ'*** (submit) ਉੱਤੇ ਕਲਿੱਕ ਕਰ ਦਿੰਦੇ ਹੋ ਤਾਂ ਸਕਰੀਨ ਇਸ ਗੱਲ ਦੀ ਪੁਸ਼ਟੀ ਕਰੇਗੀ ਕਿ ਤੁਹਾਡੀ ਵੋਟ ਰਿਕਾਰਡ ਹੋ ਗਈ ਹੈ ਅਤੇ ਤੁਸੀਂ ***'ਲੌਗਆਊਟ'*** (logout) ਬਟਨ ਉੱਤੇ ਕਲਿੱਕ ਕਰ ਸਕਦੇ ਹੋ ਜਾਂ ਆਪਣੀ ਬ੍ਰਾਊਜ਼ਰ ਵਿੰਡੋ ਬੰਦ ਕਰ ਸਕਦੇ ਹੋ।

***ਕਿਰਪਾ ਕਰਕੇ ਦੂਜੇ ਪਾਸੇ ਦੇਖੋ***

ਟੈਲੀਫ਼ੋਨ ਰਾਹੀਂ ਵੋਟ ਪਾਓ

ਕਿਰਪਾ ਕਰਕੇ ਨੋਟ ਕਰੋ ਕਿ ਟੈਲੀਫ਼ੋਨ ਰਾਹੀਂ ਵੋਟ ਪਾਉਣ ਦੀ ਸੇਵਾ ਸਿਰਫ਼ ਅੰਗਰੇਜ਼ੀ ਵਿੱਚ ਉਪਲਬਧ ਹੈ। ਫ੍ਰੀ-ਫ਼ੋਨ

ਨੰਬਰ ਨੂੰ **0800 197 4614** 'ਤੇ ਕਾਲ ਕਰੋ
ਤੁਹਾਡੇ ਬੈਲਟ ਪੇਪਰ ਉੱਤੇ ਦਿੱਤੇ ਗਏ 6-ਅੰਕਾਂ ਦੇ **ਸੁਰੱਖਿਆ ਕੋਡ ਭਾਗ ਇੱਕ** (security code part one) ਅਤੇ ਇਸ ਤੋਂ ਬਾਅਦ ਤੁਹਾਡੇ ਬੈਲਟ ਪੇਪਰ ਉੱਤੇ ਦਿੱਤੇ ਗਏ 4-ਅੰਕਾਂ ਦੇ **ਸੁਰੱਖਿਆ ਕੋਡ ਭਾਗ ਦੋ** (security code part two) ਨੂੰ ਦਾਖਲ ਕਰਨ ਲਈ ਦਿੱਤੀਆਂ ਗਈਆਂ ਹਿਦਾਇਤਾਂ ਦੀ ਪਾਲਣਾ ਕਰੋ

ਹਾਂ (yes) ਜਾਂ ਨਾਂਹ (no) ਵਿੱਚ ਵੋਟ ਪਾਉਣ ਲਈ ਅਤੇ ਆਪਣੀ ਵੋਟ ਦੀ ਪੁਸ਼ਟੀ ਕਰਨ ਲਈ ਰਿਕਾਰਡ ਕੀਤੀਆਂ ਗਈਆਂ ਹਿਦਾਇਤਾਂ ਦੀ ਪਾਲਣਾ ਕਰੋ।

ਲਿਖਤੀ ਸੰਦੇਸ਼ ਰਾਹੀਂ ਵੋਟ ਦਿਓ

* ਲਿਖਤੀ ਸੁਨੇਹਿਆਂ ਵਾਸਤੇ ਤੁਹਾਡੇ ਮੋਬਾਈਲ ਫ਼ੋਨ ਨੈੱਟਵਰਕ ਪ੍ਰਦਾਨਕ ਨਾਲ ਤੁਹਾਡੇ ਇਕਰਾਰਨਾਮੇ ਅਨੁਸਾਰ ਮਿਆਰੀ ਲਿਖਤੀ-ਸੁਨੇਹੇ ਦਾ ਖ਼ਰਚਾ ਲਿਆ ਜਾਂਦਾ ਹੈ। ਵੋਟ ਪਾਉਣ ਦੀ ਪ੍ਰਕਿਰਿਆ ਖਤਮ ਹੋਣ ਦੇ ਬਾਅਦ ਲਿਖਤੀ-ਸੰਦੇਸ਼ ਰਾਹੀਂ ਪਾਈਆਂ ਵੋਟਾਂ ਨੂੰ ਨਹੀਂ ਗਿਣਿਆ ਜਾਵੇਗਾ ਪਰ ਸੁਨੇਹਾ ਭੇਜਣ ਵਾਸਤੇ ਤੁਹਾਡਾ ਪ੍ਰਦਾਨਕ ਫਿਰ ਵੀ ਤੁਹਾਡੇ ਤੋਂ ਖ਼ਰਚਾ ਲੈ ਸਕਦਾ ਹੈ।

ਸੁਨੇਹੇ ਦੇ ਹਰੇਕ ਭਾਗ ਵਿਚਕਾਰ ਖਾਲੀ ਜਗਹ (space) ਛੱਡਦੇ ਹੋਏ, **ਇਲੈਕਸ਼ਨ ਕੋਡ** (election code) (**CCH**) ਅਤੇ ਆਪਣੇ ਚੁਣੇ ਹੋਏ ਜਵਾਬ ਦੇ ਦੋਨੋਂ ਸੁਰੱਖਿਆ ਕੋਡ ਲਿਖੋ ਅਤੇ ਇਸ ਨੂੰ **80212** 'ਤੇ ਭੇਜ ਦਿਓ।

ਹਾਂ (YES) ਵਿੱਚ ਵੋਟ ਪਾਉਣ ਲਈ

**ਇਲੈਕਸ਼ਨ ਕੋਡ** (election code) ਦਾਖਲ ਕਰੋ ਅਤੇ ਇਸ ਤੋਂ ਬਾਅਦ

ਤੁਹਾਡੇ ਬੈਲਟ ਪੇਪਰ ਉੱਤੇ ਦਿੱਤਾ ਗਿਆ 6-ਅੰਕਾਂ ਦਾ **ਸੁਰੱਖਿਆ ਕੋਡ ਭਾਗ ਇੱਕ** (security code part one) ਦਾਖਲ ਕਰੋ ਅਤੇ ਇਸ ਤੋਂ ਬਾਅਦ

ਤੁਹਾਡੇ ਬੈਲਟ ਪੇਪਰ ਉੱਤੇ ਦਿੱਤਾ ਗਿਆ 4-ਅੰਕਾਂ ਦਾ **ਸੁਰੱਖਿਆ ਕੋਡ ਭਾਗ ਦੋ** (security code part two) ਦਾਖਲ ਕਰੋ, ਅਤੇ ਇਸ ਤੋਂ ਬਾਅਦ

**ਹਾਂ** (yes) ਦਾਖਲ ਕਰੋ

ਨਹੀਂ (NO) ਵਿੱਚ ਵੋਟ ਦੇਣ ਲਈ

**ਇਲੈਕਸ਼ਨ ਕੋਡ** (election code) ਦਾਖਲ ਕਰੋ ਅਤੇ ਇਸ ਤੋਂ ਬਾਅਦ

ਤੁਹਾਡੇ ਬੈਲਟ ਪੇਪਰ ਉੱਤੇ ਦਿੱਤਾ ਗਿਆ 6-ਅੰਕਾਂ ਦਾ **ਸੁਰੱਖਿਆ ਕੋਡ ਭਾਗ ਇੱਕ** (security code part one) ਦਾਖਲ ਕਰੋ ਅਤੇ ਇਸ ਤੋਂ ਬਾਅਦ

ਤੁਹਾਡੇ ਬੈਲਟ ਪੇਪਰ ਉੱਤੇ ਦਿੱਤਾ ਗਿਆ 4-ਅੰਕਾਂ ਦਾ **ਸੁਰੱਖਿਆ ਕੋਡ ਭਾਗ ਦੋ** (security code part two) ਦਾਖਲ ਕਰੋ, ਅਤੇ ਇਸ ਤੋਂ ਬਾਅਦ

**ਨਹੀਂ** (No) ਦਾਖਲ ਕਰੋ

ਬੈਲਟ ਬਾਕਸ ਰਾਹੀਂ ਵੋਟ ਦਿਓ

ਨਾਲ ਨੱਥੀ ਬੈਲਟ ਪੇਪਰ ਉੱਤੇ ਆਪਣੇ ਚੁਣੇ ਹੋਏ ਜਵਾਬ **YES** (ਹਾਂ) ਜਾਂ **NO** (ਨਹੀਂ) ਦੇ ਸਾਹਮਣੇ **'X'** ਦਾ ਨਿਸ਼ਾਨ ਬਣਾਓ

ਆਪਣੇ **ਬੈਲਟ ਪੇਪਰ** ਨੂੰ Charing Cross HA office **ਜੋ** 31 Ashley Street, Glasgow, G3 6DR **ਵਿਖੇ ਸਥਿਤ ਹੈ, ਲੈਕੇ ਜਾਓ ਅਤੇ ਓਥੇ ਇੱਕ ਸੁਰੱਖਿਅਤ ਬੈਲਟ ਬਾਕਸ ਵਿੱਚ ਪਾ ਦਿਓ।** ਇਹ ਸੁਵਿਧਾ ਸੋਮਵਾਰ 6 ਜੂਨ 2022 ਨੂੰ ਸ਼ਾਮ 5 ਵਜੇ ਤੱਕ ਉਪਲਬਧ ਹੋਵੇਗੀ।

ਇਸ ਗਾਈਡ ਨੂੰ ਉਹਨਾਂ ਵੋਟਰਾਂ ਦੀ ਸਹਾਇਤਾ ਕਰਨ ਲਈ ਪ੍ਰਕਾਸ਼ਿਤ ਕੀਤਾ ਗਿਆ ਹੈ ਜਿਨ੍ਹਾਂ ਦੀ ਪਹਿਲੀ ਭਾਸ਼ਾ ਅੰਗਰੇਜ਼ੀ ਨਹੀਂ ਹੈ। ਅਨੁਵਾਦ ਵਿੱਚ ਕੋਈ ਊਣਤਾਈਆਂ ਹੋਣ ਦੀ ਸੂਰਤ ਵਿੱਚ, ਬੈਲਟ ਪੇਪਰ ਦੀ ਲਿਖਤ ਨੂੰ ਸਰਵਉੱਚ ਮੰਨਿਆ ਜਾਵੇਗਾ।